ਸ਼ੁੱਕਰਵਾਰ
19, ਫਰਵਰੀ 2010
8 ਫੱਗਣ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 309,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

ਸ਼ਹਿਰ ਤੇ ਆਸ-ਪਾਸ
ਮਾਤਾ ਗੁਜਰੀ ਕਾਲਜ ਦੇ ਐਨ ਸੀ ਸੀ ਕੈਡਿਟਾਂ 3

ਸੰਪਾਦਕੀ
ਪਾਕਿਸਤਾਨ ਨੂੰ ਵੱਡੀਆਂ ਤਬਦੀਲੀਆਂ ਦੀ ਜ਼ਰੂਰਤ 4

ਦੇਸ਼ ਦੁਨੀਆਂ
ਚੇਅਰਮੈਨੀ ਦੀ ਤਾਜ਼ਪੋਸ਼ੀ 'ਤੇ ਤਪਾ ਵਿਸ਼ੇਸ਼ 8

ਨਵੇਂ ਉੱਭਰਦੇ ਕਲਾਕਾਰ

ਨਵੀਨ ਸ਼ਰਮਾ



ਛੋਟੀ ਉਮਰ ਵਿੱਚ ਹੀ ਵੱਡੀਆਂ ਪੁਲਾਂਘਾਂ ਪੁੱਟ ਰਹੇ ਹਨ। ਇਨ੍ਹਾਂ ਦੀਆਂ ਆਈਆਂ ਹੋਈਆਂ ਫ਼ਿਲਮਾਂ ਲੱਖ ਪ੍ਰਦੇਸ਼ੀ ਹੋਈਏ ਫੀਚਰ ਫ਼ਿਲਮ , ਟੈਲੀ ਫ਼ਿਲਮ ਤੇਰੀ ਮੇਰੀ ਇੱਕ ਜ਼ਿੰਦੜੀ, ਆਉਣ ਵਾਲੀਆਂ ਤਿੰਨ ਟੈਲੀ ਹਿੰਦੀ ਫ਼ਿਲਮਾਂ, ਯੇਹ ਵਾਅਦਾ ਰਿਹਾ, ਦੀ ਟੈਰਰ, ਦਿਸ ਕਰਾਈਮ। ਨਿਰਮਾਤਾ ਅਬਦੁਲ ਰਹਿਮਾਨ ਖਾਂ, ਨਿਰਦੇਸ਼ ਪਰਮ।

ਪਤਾ : ਦਸਮੇਸ਼ ਨਗਰ ਕੋਟ ਖਾਲਸਾ ਸਾਹਮਣੇ ਗੈਸ ਗੋਦਾਮ ਅੰਮ੍ਰਿਤਸਰ

ਬਿਹਾਰ 'ਚ ਮਾਓਵਾਦੀਆਂ 11 ਕਬਾਇਲੀ ਮਾਰੇ

ਪਟਨਾ, 18 ਫਰਵਰੀ (ਵਿਸ਼ਵ ਵਾਰਤਾ)-ਪੱਛਮੀ ਬੰਗਾਲ ਦੇ ਮਿਦਨਾਪੁਰ ਵਿਚ ਪੁਲਿਸ ਕੈਂਪ ਉਤੇ ਹਮਲਾ ਕਰਕੇ 24 ਜਵਾਨਾਂ ਨੂੰ ਮਾਰਨ ਤੋਂ ਬਾਅਦ ਅੱਜ ਮਾਓਵਾਦੀਆਂ ਨੇ ਬਿਹਾਰ ਵਿਚ 11 ਲੋਕਾਂ ਦੀ ਜਾਨ ਲੈ ਲਈ। ਜਾਣਕਾਰੀ ਅਨੁਸਾਰ ਬਿਹਾਰ ਦੇ ਜਮੁਈ ਜ਼ਿਲ੍ਹੇ ਦੇ ਫੁਲਵਰਿਆ ਕੋਰਾਸੀ ਪਿੰਡ ਵਿਚ ਮਾਓਵਾਦੀਆਂ ਦੇ ਹਮਲੇ ਵਿਚ 11 ਲੋਕ ਮਾਰੇ ਗਏ। ਇਥੇ ਲਗਪਗ ਸੌ ਹਥਿਆਰਬੰਦ ਮਾਓਵਾਦੀਆਂ ਨੇ ਪਿੰਡ ਵਿਚ ਅਚਾਨਕ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ ਅਤੇ ਮਕਾਨਾਂ ਨੂੰ ਅੱਗ ਲੱਗਾ ਦਿੱਤੀ। ਇਸ ਸਬੰਧੀ ਪੁਲਿਸ ਸੂਤਰਾਂ ਨੇ ਦੱਸਿਆ ਕਿ ਕੱਲ੍ਹ ਦੇਰ ਰਾਤ ਮਾਓਵਾਦੀਆਂ ਨੇ ਇਸ ਪਿੰਡ ਦੇ ਕਈ ਘਰਾਂ ਨੂੰ ਅੱਗ ਲਾ ਦਿੱਤੀ ਅਤੇ ਕਈ ਮਕਾਨਾਂ ਨੂੰ ਬੰਬ ਵਿਸਫੋਟ ਨਾਲ ਤਬਾਹ ਕਰ ਦਿੱਤਾ। ਨਕਸਲੀਆਂ ਨੇ ਦਰਜਨ ਭਰ ਲੋਕਾਂ ਨੂੰ ਅਗਵਾ ਵੀ ਕੀਤਾ ਹੈ। ਪਿਛਲੇ ਹਫ਼ਤੇ ਪਿੰਡ ਵਾਲਿਆਂ ਨੇ ਅੱਠ ਨਕਸਲੀਆਂ ਨੂੰ ਮਾਰਿਆ ਸੀ ਜਿਸ ਦੇ ਬਾਅਦ ਬਦਲੇ ਦੀ ਕਾਰਵਾਈ ਕਰਦੇ ਹੋਏ ਨਕਸਲੀਆਂ ਨੇ ਪਿੰਡ ਵਾਲਿਆਂ 'ਤੇ ਇਹ ਕਹਿਰ ਬਰਪਾਇਆ ਹੈ।

ਚਿਤੌੜਗੜ੍ਹ ਜੇਲ੍ਹ 'ਚੋਂ 23 ਕੈਦੀ ਫਰਾਰ

ਜੈਪੁਰ -ਰਾਜਸਥਾਨ ਦੇ ਚਿਤੌੜਗੜ੍ਹ ਜੇਲ੍ਹ ਤੋਂ ਅੱਜ 23 ਕੈਦੀ ਫਰਾਰ ਹੋ ਗਏ। ਸਵੇਰੇ ਪੌਣੇ ਸੱਤ ਵਜੇ ਲਗਪਗ ਦੋ ਦਰਜਨ ਕੈਦੀਆਂ ਨੇ ਸੰਤਰੀ ਦੀ ਰਾਈਫਲ ਖੋਹ ਲਈ ਅਤੇ ਰਾਈਫਲ ਨਾਲ ਗੇਟ 'ਤੇ ਤਾਇਨਾਤ ਹੈਡਕਾਂਸਟੇਬਲ ਸਮੇਤ ਦੋ ਜੇਲ੍ਹ ਕਰਮੀਆਂ ਦੀ ਕੁਟਾਈ ਕਰਕੇ ਫਰਾਰ ਹੋ ਗਏ। ਜੇਲ੍ਹ ਤੋਂ ਇਨ੍ਹਾਂ ਕੈਦੀਆਂ ਦੇ ਫਰਾਰ ਹੋ ਜਾਣ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨ ਵਿਚ ਹਾਹਾਕਰ ਮਚ ਗਈ। ਫਰਾਰ ਕੈਦੀਆਂ ਦੀ ਭਾਲ ਵਿਚ ਸੂਬੇ ਭਰ ਵਿਚ ਹਾਈ ਐਲਰਟ ਜਾਰੀ ਕੀਤਾ ਗਿਆ ਹੈ। ਫਰਾਰ ਕੈਦੀਆਂ ਵਿਚ ਚਾਰ ਹੱਤਿਆ ਅਤੇ ਅੱਠ ਕੈਦੀ ਨਸ਼ੀਲੇ ਪਦਾਰਥਾਂ ਦੇ ਖ਼ਤਰਨਾਕ ਤਸਕਰ ਦੱਸੇ ਗਏ ਹਨ। ਜ਼ਿਕਰਯੋਗ ਹੈ ਕਿ ਇਸ ਜੇਲ੍ਹ ਵਿਚ 276 ਕੈਦੀ ਮੌਜੂਦ ਹਨ, ਜਿਨ੍ਹਾਂ ਦੀ ਸੁਰੱਖਿਆ ਕੇਵਲ 7 ਸੁਰੱਖਿਆ ਕਰਮੀ ਕਰਦੇ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਚਿਤੌੜ ਜ਼ਿਲ੍ਹਾ ਜੇਲ੍ਹ ਵਿਚ ਸਵੇਰੇ ਹਰ ਰੋਜ਼ ਦੀ ਤਰ੍ਹਾਂ ਜੇਲ੍ਹ ਇੰਚਾਰਜ ਚਾਹ-ਦੁੱਧ ਦੇ ਲਈ ਕੈਦੀਆਂ ਦੇ ਬੈਰਕ ਦੇ ਕੋਲ ਗਿਆ, ਤਦ ਕੁਝ ਕੈਦੀ ਬੈਰਕ ਦਾ ਜਿੰਦਾ ਖੋਲ੍ਹ ਕੇ ਬਾਹਰ ਆ ਗਏ।

ਅੰਮ੍ਰਿਤਸਰ ਲਈ 104 ਕਰੋੜ ਹੋਰ ਦਿਆਂਗੇ-ਬਾਦਲ

ਅੰਮ੍ਰਿਤਸਰ, 18 ਫਰਵਰੀ (ਮੋਤਾ ਸਿੰਘ)-ਬੀਤੀ ਸ਼ਾਮ ਅੰਮ੍ਰਿਤਸਰ ਪੁੱਜੇ ਸ੍ਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੇ ਜਿਲ੍ਹਾ ਅਧਿਕਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ ਅਤੇ ਜਿਲ੍ਹਾ ਅੰਮ੍ਰਿਤਸਰ ਵਿੱਚ ਪ੍ਰਗਤੀ ਹੇਠ ਵਿਕਾਸ ਸਕੀਮਾਂ ਦਾ ਜਾਇਜਾ ਲਿਆ। ਇਸ ਮੌਕੇ ਮੁੱਖ ਮੰਤਰੀ ਪੰਜਾਬ ਨੇ ਅੰਮ੍ਰਿਤਸਰ ਦੇ ਬਹੁਪੱਖੀ ਵਿਕਾਸ ਲਈ ਲੋੜੀਂਦੀਆਂ ਸਕੀਮਾਂ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦਿਆਂ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਮਿਤੀਬੱਧ ਰੂਪ ਨਾਲ ਨੇਪਰੇ ਚਾੜਣ ਲਈ ਕਿਹਾ ਅਤੇ ਭਰੋਸਾ ਦਿਵਾਇਆ ਕਿ ਇਨ੍ਹਾਂ ਸਕੀਮਾਂ ਲਈ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਮੁੱਖ ਮੰਤਰੀ ਪੰਜਾਬ ਨੇ ਮੌਕੇ ਤੇ ਹੀ ਰਾਮ ਤਲਾਈ ਚੌਂਕ ਤੋਂ ਚੌਂਕ ਫੁਆਰਾ ਤੱਕ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲੀ ਐਲੀਵੇਟਿਡ ਰੋਡ ਦੇ ਦੂਜੇ ਪੜਾਅ ਨੂੰ ਆਰੰਭਣ ਦੇ ਆਦੇਸ਼ ਦਿੱਤੇ। ਸ੍ਰ ਬਾਦਲ ਨੇ ਇਸ ਮੰਤਵ ਲਈ ਲੋੜੀਂਦੀ 54 ਕਰੋੜ ਰੁਪਏ ਦੀ ਰਾਸ਼ੀ ਨੂੰ ਪ੍ਰਵਾਨਗੀ ਦਿੱਤੀ ਅਤੇ ਕੰਪਨੀ ਦੇ ਨੁਮਾਇੰਦਿਆਂ ਨੂੰ ਐਲੀਵੇਟਿਡ ਰੋਡ ਦੇ ਇਸ ਦੂਜੇ ਹਿੱਸੇ ਨੂੰ 31 ਦਸੰਬਰ, 2010 ਤੱਕ ਮੁਕੰਮਲ ਕਰਕੇ ਜਨਤਾ ਦੇ ਸਪੁਰਦ ਕਰਨ ਲਈ ਕਿਹਾ। ਇਸ ਮੌਕੇ ਇਕ ਹੋਰ ਅਹਿਮ ਫੈਸਲਾ ਲੈਂਦਿਆਂ ਹੋਇਆਂ ਰਾਜਾਸਾਂਸੀ ਹਾਵਈ ਅੱਡੇ ਤੋਂ ਗੁੰਮਟਾਲਾ ਤੱਕ ਦੀ ਸੜਕ ਨੂੰ ਚੌੜਾ ਤੇ ਮਜਬੂਤ ਕਰਨ ਲਈ 50 ਕਰੋੜ ਰੁਪਏ ਦੀ ਰਾਸ਼ੀ ਸ੍ਰ ਬਾਦਲ ਨੇ ਪ੍ਰਵਾਨ ਕੀਤੀ। 104 ਕਰੋੜ ਰੁਪਏ ਦੀ ਵੱਡੀ ਰਾਸ਼ੀ ਨਾਲ ਅੰਮ੍ਰਿਤਸਰ ਦੀਆਂ ਇਨ੍ਹਾਂ ਦੋਹਾਂ ਪ੍ਰਮੁੱਖ ਸੜਕਾਂ ਦਾ ਕੰਮ ਜੰਗੀ ਪੱਧਰ ਤੇ ਆਰੰਭਿਆ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਵੱਡੀ ਰਾਹਤ ਪੁੱਜੇਗੀ। ਬਾਅਦ ਵਿੱਚ ਸ੍ਰ ਬਾਦਲ ਨੇ ਕਿਲਾ ਗੋਬਿੰਦਗੜ੍ਹ ਦਾ ਵੀ ਦੌਰਾ ਕੀਤਾ ਅਤੇ ਇਸ ਇਤਿਹਾਸਕ ਕਿਲੇ ਦੀ ਸਾਂਭ ਸੰਭਾਲ ਅਤੇ ਚੁਗਿਰਦੇ ਰੱਖ ਰਖਾਵ ਦੇ ਪ੍ਰਾਜੈਕਟ ਦੇ ਦੂਜੇ ਪੜਾਅ ਨੂੰ 'ਤੇ ਫੌਰੀ ਕੰਮ ਆਰੰਭਣ ਲਈ ਆਦੇਸ਼ ਦਿੱਤੇ। ਉਨ੍ਹਾਂ ਨੇ ਇਸ ਮੰਤਵ ਲਈ 31 ਮਾਰਚ, 2010 ਤੱਕ ਟੈਂਡਰ ਕਾਲ ਕਰਨ ਦੀ ਹਦਾਇਤ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਕੀਤੀ।

(ਫੋਟੋ :ਜੀ.ਐਸ. ਪੰਕਜ)

ਕਾਂਗਰਸ ਦੀ ਅੰਦਰੂਨੀ ਲੜਾਈ ਅਜੇ ਵੀ ਜਾਰੀ

ਚੰਡੀਗੜ੍ਹ, 18 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਕੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੋਲੇ ਮੁਹੱਲੇ 'ਤੇ ਆਯੋਜਿਤ ਕੀਤੀ ਜਾ ਰਹੀ ਕਾਂਗਰਸ ਦੀ ਸਿਆਸੀ ਕਾਨਫਰੰਸ ਵਿੱਚ ਪਹੁੰਚਣਗੇ। ਜਿਸ ਤਰ੍ਹਾਂ ਕਿ ਪਹਿਲਾਂ ਹੀ ਹੋਈਆਂ 3-4 ਕਾਨਫਰੰਸਾਂ ਵਿੱਚ ਪੁੱਜਣ ਦਾ ਵਾਅਦਾ ਕਰਕੇ ਪੁੱਜੇ ਹੀ ਨਹੀਂ। ਕਿਉਂਕਿ ਕੈਪਟਨ ਅਮਰਿੰਦਰ ਸਿੰਘ ਦਾ ਕਾਂਗਰਸ ਦੀਆਂ ਸਿਆਸੀ ਕਾਨਫਰੰਸਾਂ ਵਿੱਚ ਨਾ ਸ਼ਾਮਲ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿੱਚ ਅਜੇ ਵੀ ਫੁੱਟ ਦਾ ਬੀਜ ਕਾਇਮ ਹੈ, ਭਾਵੇਂ ਕਾਂਗਰਸ ਹਾਈ ਕਮਾਂਡ ਨੇ ਇਸ ਫੁੱਟ ਦਾ ਇਜ਼ਹਾਰ ਮੀਡੀਆ ਵਿੱਚ ਜਾ ਕੇ ਪ੍ਰਚਾਰ ਕਰਨ 'ਤੇ ਮਨਾਹੀ ਕਰ ਦਿੱਤੀ ਹੈ। ਕੱਲ੍ਹ ਹੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਨੇ ਐਲਾਨ ਕੀਤਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 28 ਫਰਵਰੀ ਨੂੰ ਰੋਪੜ ਜ਼ਿਲ੍ਹੇ ਦੇ ਇਤਿਹਾਸਕ ਤੇ ਧਾਰਮਿਕ ਕਸਬੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਰੀ ਵੱਡੀ ਸਿਆਸੀ ਕਾਨਫਰੰਸ ਕੀਤੀ ਜਾ ਰਹੀ ਹੈ, ਜਿਸ ਵਿੱਚ ਕੇਂਦਰੀ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਬੀਬੀ ਰਾਜਿੰਦਰ ਕੌਰ ਭੱਠਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਰਹੇ ਹਨ। ਜਦੋਂ ਪ੍ਰਦੇਸ਼ ਕਾਂਗਰਸ ਨੇ ਮੁਕਤਸਰ, ਫਤਿਹਗੜ੍ਹ ਸਾਹਿਬ, ਦਮਦਮਾ ਸਾਹਿਬ ਵਿਖੇ ਕਾਂਗਰਸ ਨੇ ਸਿਆਸੀ ਕਾਨਫਰੰਸਾਂ ਆਯੋਜਿਤ ਕੀਤੀਆਂ ਸਨ, ਉਦੋਂ ਵੀ ਬੜੇ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਇਨ੍ਹਾਂ ਕਾਨਫਰੰਸਾਂ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹੁੰਚ ਰਹੇ ਹਨ। ਪਰ ਕੈਪਟਨ ਅਮਰਿੰਦਰ ਸਿੰਘ ਕਿਸੇ ਵੀ ਸਿਆਸੀ ਕਾਨਫਰੰਸ ਵਿੱਚ ਨਹੀਂ ਸੀ ਪੁੱਜੇ, ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਪ੍ਰਦੇਸ਼ ਕਾਂਗਰਸ ਅਜੇ ਵੀ ਫੁੱਟ ਦਾ ਸ਼ਿਕਾਰ ਹੈ। ਹੁਣ ਵਰਕਰਾਂ ਤੇ ਲੋਕਾਂ ਦੀਆਂ ਨਜ਼ਰਾਂ ਕੈਪਟਨ ਅਮਰਿੰਦਰ ਸਿੰਘ ਉੱਤੇ ਕੇਂਦਰਤ ਹਨ ਕਿ ਉਹ ਆਨੰਦਪੁਰ ਸਾਹਿਬ ਦੀ ਕਾਂਗਰਸ ਦੀ ਸਿਆਸੀ ਕਾਨਫਰੰਸ ਵਿੱਚ ਹਿੱਸਾ ਲੈ ਕੇ ਆਪਣੀ ਕਾਂਗਰਸ ਪਾਰਟੀ ਵਿੱਚ ਸ਼ੋਭਾ ਦੀ ਮਿਸਾਲ ਪੇਸ਼ ਕਰਦੇ ਜਾਂ ਫਿਰ ਸ਼ਾਮਲ ਨਾ ਹੋ ਕੇ ਆਪਣੀ ਕਾਂਗਰਸ ਦੀ ਫੁੱਟ ਦਾ ਇਜ਼ਹਾਰ ਕਰਦੇ ਹਨ। ਸ੍ਰੀ ਮਹਿੰਦਰ ਸਿੰਘ ਕੇ.ਪੀ. ਨੇ ਦੱਸਿਆ ਕਿ ਇਸ ਕਾਨਫਰੰਸ ਦੀ ਪ੍ਰਧਾਨਗੀ ਰੋਪੜ ਹਲਕੇ ਦੇ ਚੁਣੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਕਰਨਗੇ, ਜਦੋਂ ਕਿ ਇੰਚਾਰਜ ਨੰਗਲ ਤੋਂ ਕਾਂਗਰਸੀ ਵਿਧਾਇਕ ਰਾਣਾ ਕੇ.ਪੀ. ਸਿੰਘ ਨੂੰ ਬਣਾਇਆ ਗਿਆ ਹੈ। ਮਹਿੰਦਰ ਸਿੰਘ ਕੇ.ਪੀ. ਇਸ ਸਮਾਗਮ ਦੀ ਪ੍ਰਧਾਨਗੀ ਕਰਨਗੇ।

ਕਬੱਡੀ ਦਾ ਮਹਾਂਕੁੰਭ ਯਾਦਗਾਰੀ ਹੋਵੇਗਾ-ਤੇਜਿੰਦਰ ਨਿੱਝਰ

ਜਲੰਧਰ, 18 ਫਰਵਰੀ (ਮਲਕੀਤ ਸਿੰਘ ਬਰਾੜ)-ਦੋਆਬੇ ਦਾ ਮਸ਼ਹੂਰ 6ਵਾਂ ਕਬੱਡੀ ਗੋਲਡ ਕੱਪ 23 ਫਰਵਰੀ ਨੂੰ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਧੂਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਡੇ ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਟਰੱਸਟ ਦੇ ਚੇਅਰਮੈਨ ਸ੍ਰ. ਗੁਰਦਿਆਲ ਸਿੰਘ ਪੱਡਾ, ਕਲੱਬ ਦੇ ਪ੍ਰਧਾਨ ਸ੍ਰ. ਤੇਜਿੰਦਰ ਸਿੰਘ ਨਿੱਝਰ ਨੇ ਦੱਸਿਆ ਕਿ ਕਬੱਡੀ ਕੱਪ ਦੀ ਤਿਆਰੀ ਲਈ ਪ੍ਰਵਾਸੀ ਵੀਰ ਪੰਜਾਬ ਪੁੱਜ ਗਏ ਹਨ। ਉਨ੍ਹਾਂ ਕਿਹਾ ਕਿ ਇਸ ਕਬੱਡੀ ਕੱਪ ਨੂੰ ਬਾਪੂ ਮਾਨ ਸਿੰਘ ਦੁਬਈ, ਜ਼ੈਲਦਾਰ ਸੁਰਿੰਦਰ ਸਿੰਘ ਚੜੀਆਂ, ਬਲਦੇਵ ਸਿੰਘ ਬਾਜਵਾ, ਹਰਜਿੰਦਰ ਸਿੰਘ ਖਾਲਸਾ, ਸੁਖਵਿੰਦਰ ਸਿੰਘ ਗੋਬਿੰਦਪੁਰੀ, ਸ੍ਰੀ ਅਨਿਲ ਕੁਮਾਰ ਸ਼ਰਮਾ ਇਟਲੀ ਵਾਲੇ, ਲਖਵਿੰਦਰ ਸਿੰਘ ਚਾਹਲ, ਮੋਤਾ ਸਿੰਘ ਪਨੂੰ, ਸੰਦੀਪ ਸਿੰਘ ਪਨੂੰ, ਬਿੱਲਾ ਸਿੱਧੂ, ਗੁਰਦੀਪ ਸਿੰਘ ਲਾਂਦੜਾ, ਅਮਨਪ੍ਰੀਤ ਸਿੰਘ ਲਾਲਾ ਤੇ ਚਰਮਜੀਤ ਸਿੰਘ ਮਛਿਆਣਾ ਸਪਾਂਸਰ ਕਰ ਰਹੇ ਹਨ। ਉਨ੍ਹਾਂ ਹੋਰ ਜਾਣਕਾਰੀ

☛(ਬਾਕੀ ਸਫਾ 2 'ਤੇ)

'ਇੱਕ ਰੈਂਕ-ਇੱਕ ਪੇਅ' ਦੇ ਦਿਸ਼ਾ-ਨਿਰਦੇਸ਼ 'ਚ ਸੋਧ ਜਲਦੀ

ਚੰਡੀਗੜ੍ਹ, 18 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਪੁਲਿਸ ਵਿੱਚ ਵੱਖ-ਵੱਖ ਅਹੁਦਿਆਂ ਅਤੇ ਅਸਾਮੀਆਂ 'ਤੇ ਅਧਿਕਾਰੀਆਂ ਅਤੇ ਪੁਲਿਸ ਕਰਮਚਾਰੀਆਂ ਨੂੰ ਮਿਲਣ ਵਾਲੇ (ਓ.ਆਰ.ਪੀ.) (ਆਨ ਰੈਂਕ ਐਂਡ ਪੇ) ਦੇਣ ਦੇ ਨਿਯਮਾਂ ਵਿੱਚ ਗ੍ਰਿਹ ਮੰਤਰਾਲਾ ਇੱਕ ਸੋਧ ਕਰ ਰਿਹਾ ਹੈ। ਇਸ ਵਿੱਚ ਹੁਣ ਮਨਮਰਜ਼ੀ ਨਹੀਂ ਚੱਲੇਗੀ। ਹੁਣ ਭਵਿੱਖ ਵਿੱਚ ਓ.ਆਰ.ਪੀ. ਰੈਂਕ ਕੇਤਾ ਵਿੱਚ ਅਧਿਕਾਰੀ ਦੀ ਤਾਇਨਾਤੀ ਦੇ ਕੰਮ ਬਦਲੇ ਇਨਾਮ ਵਜੋਂ ਨਹੀਂ ਸਗੋਂ ਉਸ ਦੀ ਕਾਰਗੁਜ਼ਾਰੀ ਦੇ ਆਧਾਰ ਤੇ ਦਿੱਤੀ ਜਾਵੇਗੀ। ਉਧਰ ਡਾਇਰੈਕਟਰ ਜਨਰਲ ਪੁਲਿਸ ਦੇ ਦਫਤਰ ਨੂੰ ਇਹ ਵਾਰ-ਵਾਰ ਸ਼ਿਕਾਇਤਾਂ ਮਿਲ ☛(ਬਾਕੀ ਸਫਾ 2 'ਤੇ)

ਹਕੀਮਪੁਰ ਦੇ ਮਿੰਨੀ ਉਲੰਪਿਕਸ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ-ਪੁਰੇਵਾਲ

ਜਲੰਧਰ/ਬੰਗਾ, 18 ਫ਼ਰਵਰੀ (ਹਰਪ੍ਰੀਤ ਸਿੰਘ ਲੇਹਿਲ/ਰਾਜ ਮਜਾਰੀ) ਪੇਂਡੂ ਖੇਡਾਂ ਦੇ ਮਿੰਨੀ ਉਲੰਪਿਕਸ ਵਜੋਂ ਜਾਣੇ ਜਾਂਦੇ ਪਿੰਡ ਹਕੀਮਪੁਰ ਦੇ ਸ. ਹਰਬੰਸ ਸਿੰਘ ਪੁਰੇਵਾਲੇ ਯਾਦਗਾਰੀ ਦੋ ਦਿਨਾਂ ਖੇਡ ਮੇਲੇ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਖੇਡ ਮੇਲੇ ਦੇ ਮੁੱਖ ਪ੍ਰਬੰਧਕ ਸ. ਗੁਰਜੀਤ ਸਿੰਘ ਪੁਰੇਵਾਲ ਹੋਰਾਂ ਨੇ ਦੱਸਿਆ ਕਿ 21 ਫ਼ਰਵਰੀ ਨੂੰ ਖੇਡ ਮੇਲੇ ਦਾ ਉਦਘਾਟਨ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਐਸ. ਐਸ. ਪੀ. ਸ੍ਰੀ ਰਾਕੇਸ਼ ਅਗਰਵਾਲ ਕਰਨਗੇ। ਜਦੋਂ ਕਿ ਉਸ ਉਦਘਾਟਨੀ ਸਮਾਗਮ ਦੀ ਪ੍ਰਧਾਨਗੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ. ਗੁਰਕਿਰਤ ਕ੍ਰਿਪਾਲ ਸਿੰਘ ਕਰਨਗੇ। 22 ਫ਼ਰਵਰੀ ਨੂੰ ਹਰ ਖੇਡ ਵਿੱਚ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਕਰਨਗੇ। ਇਸ ਮੌਕੇ ਕੁਸ਼ਤੀਆਂ ਵਿੱਚ ਵਿਸ਼ੇਸ਼ ਪ੍ਰਾਪਤੀ ਕਰਨ ਵਾਲੇ ☛(ਬਾਕੀ ਸਫਾ 2 'ਤੇ)

ਭਾਰਤ ਆਜ਼ਾਦ ਵਿਦੇਸ਼ ਨੀਤੀ ਘੜੇ ਅਮਰੀਕਾ ਦਾ ਮੋਹਰਾ ਨਾ ਬਣੇ

ਸੈਮੀਨਾਰ 'ਚ ਉਠਿਆ ਨੁਕਤਾ

ਜਲੰਧਰ, 18 ਫਰਵਰੀ (ਸਰਬਜੀਤ ਵਾਲੀਆ, ਮਲਕੀਤ ਸਿੰਘ ਬਰਾੜ)-ਭਾਰਤ ਨੂੰ ਅਮਰੀਕਾ ਦੀ ਮੁਸਲਿਮ ਵਿਰੋਧੀ ਆਲਮੀ ਰਾਜਨੀਤੀ ਦਾ ਮੋਹਰਾ ਬਣਨ ਦੀ ਬਜਾਇ ਬੜੀ ਤੇਜ਼ੀ ਨਾਲ ਬਦਲ ਰਹੀਆਂ ਸੰਸਾਰ ਹਾਲਾਤਾਂ ਵਿੱਚ ਆਪਣਾ ਬਣਦਾ ਅਹਿਮ ਰੋਲ ਨਿਭਾਉਣ ਵਾਸਤੇ ਇੱਕ ਆਜ਼ਾਦ ਵਿਦੇਸ਼ ਨੀਤੀ ਘੜਨ ਦੀ ਲੋੜ ਹੈ। ਇਹ ਵਿਚਾਰ ਅੱਜ ਇੱਥੇ ਇਸੇ ਵਿਸ਼ੇ ਨੂੰ ਲੈ ਕੇ ਕਰਵਾਏ ਗਏ ਸੈਮੀਨਾਰ ਵਿੱਚ ਉੱਭਰ ਕੇ ਸਾਹਮਣੇ ਆਈ। ਕੌਮਾਂਤਰੀ ਪੱਧਰ ਦੇ ਚਿੰਤਕ ਡਾ. ਸਵਰਾਜ ਸਿੰਘ ਨੇ ਸੈਮੀਨਾਰ ਦੇ ਮੁੱਖ ਬੁਲਾਰੇ ਵੱਜੋਂ ਬੋਲਦਿਆਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਪਿਛਲੇ ਲੱਗਭੱਗ ਦੋ ਸਾਲਾਂ ਤੋਂ ਘੋਰ ਆਰਥਿਕ ਸੰਕਟ ਦਾ ਸ਼ਿਕਾਰ ਹੋਏ ਅਮਰੀਕਾ ਸਮੇਤ ਪੱਛਮੀ ਯੂਰਪੀ ਦੇਸ਼ ਬੜੀਆਂ ਗੰਭੀਰ ਆਰਥਿਕ, ਰਾਜਨੀਤਕ ਅਤੇ ਸਮਾਜਿਕ ਸਮੱਸਿਆਵਾਂ ਵਿੱਚ ਘਿਰੇ ਹੋਏ ਹਨ। ਤਕਰੀਬਨ ਪਿਛਲੀਆਂ ਚਾਰ ਸਦੀਆਂ ਤੋਂ ਬਾਅਦ ਪੂਰਬੀ ਦੇਸ਼ ਖਾਸ ਕਰਕੇ ਏਸ਼ੀਆ ਮਹਾਂਦੀਪ ਦੇ ਦੇਸ਼ ਇੱਕ ਵਾਰ ਫਿਰ ਸੰਸਾਰ ਨਕਸ਼ੇ 'ਤੇ ਉੱਭਰ ਕੇ ਸਾਹਮਣੇ ਆ ਰਹੇ ਹਨ। ਅਫਗਾਨਿਸਤਾਨ ਤੇ ਇਰਾਕ ਸਮੇਤ ਅਨੇਕਾਂ ਮੁਲਕਾਂ ਨੂੰ ਅਮਰੀਕਾ ਅਤੇ ਨਾਟੋ ਦੇਸ਼ਾਂ ਦੀਆਂ ਫੌਜਾਂ ਵੱਲੋਂ ਇੱਕ ਵਾਰ ਫਿਰ ਫੌਜੀ ਤਾਕਤ ਦੇ ਜ਼ੋਰ ਨਾਲ ਆਪਣੀਆਂ ਬਸਤੀਆਂ ਬਣਾਉਣ ਦੀਆਂ ਨੀਤੀਆਂ ਲਗਾਤਾਰ ਅਸਫਲ ਹੋ ਰਹੀਆਂ ਹਨ। ਇਸ ਹਾਲਤ ਵਿੱਚ ਸਾਨੂੰ ਵੀ ਆਪਣੀਆਂ ਅਮਰੀਕੀ ਪੱਖੀ ਨੀਤੀਆਂ ਦੀ ਮੁੜ ਘੋਖ ਕਰਨੀ ਚਾਹੀਦੀ ਹੈ ਅਤੇ ਭਾਰਤ ਨੂੰ ਆਪਣੇ ਇਤਿਹਾਸਕ ਪਿਛੋਕੜ, ਭੂਗੋਲਿਕ ਹਾਲਾਤ ਅਤੇ ਇਸ ਖਿੱਤੇ ਵਿੱਚ ਅਮਨ ਕਾਇਮ ਰੱਖਣ ਦੇ ਮੰਤਵ ਨਾਲ ਆਪਣੀ ਅਹਿਮ ਜ਼ਿੰਮੇਵਾਰੀ ਨੂੰ ਸਮਝਦਿਆਂ ਹੋਇਆਂ ਵੀ ਆਪਣੀ ☛(ਬਾਕੀ ਸਫਾ 2 'ਤੇ)

ਜਿੱਤ ਦੇ ਨਾਲ ਭਾਰਤ ਦਾ ਤਾਜ਼ ਬਰਕਰਾਰ

ਭਾਰਤ ਨੇ ਦੱਖਣੀ ਅਫਰੀਕਾ ਨੂੰ ਪਾਰੀ ਤੇ 58 ਦੌੜਾਂ ਨਾਲ ਹਰਾਇਆ

ਜਲੰਧਰ, 18 ਫਰਵਰੀ (ਕਮਲਜੀਤ ਥਾਬਲਕੇ)-ਟੀਮ ਇੰਡੀਆ ਨੇ ਤਿੰਨ ਗੇਂਦਾਂ ਬਾਕੀ ਰਹਿੰਦਿਆਂ ਇਕ ਬੇਹੱਦ ਰੋਮਾਂਚਕ ਮੁਕਾਬਲੇ ਵਿਚ ਦੱਖਣੀ ਅਫਰੀਕਾ ਨੂੰ ਪਾਰੀ ਅਤੇ 58 ਦੌੜਾਂ ਨਾਲ ਹਰਾ ਕੇ ਟੈਸਟ ਕ੍ਰਿਕਟ ਵਿਚ ਆਪਣੀ ਬਾਦਸ਼ਾਹਤ ਨੂੰ ਬਰਕਰਾਰ ਰੱਖਿਆ ਹੈ। ਭਾਰਤ ਨੇ ਮਹਿਮਾਨ ਟੀਮ ਤੋਂ ਪਹਿਲੇ ਮੈਚ ਵਿਚ ਮਿਲੀ ਹਾਰ ਦਾ ਹਿਸਾਬ ਬਰਾਬਰ ਕਰਦਿਆਂ ਦੋ ਟੈਸਟ ਮੈਚਾਂ ਦੀ ਸੀਰੀਜ਼ ਵੀ 1-1 ਨਾਲ ਡਰਾਅ ਕਰਵਾ ਲਈ। ਭਾਰਤ ਟੀਮ ਨੇ ਦੱਖਣੀ ਅਫਰੀਕਾ ਨੂੰ ਹਾਸ਼ਿਮ ਅਮਲਾ ਦੇ ਅਜੇਤੂ ਸੈਂਕੜੇ ਦੇ ਬਾਜਵੂਦ 289 ਦੌੜਾਂ 'ਤੇ ਆਊਟ ਕਰਕੇ ਇਤਿਹਾਸਕ ਜਿੱਤ ਹਾਸਿਲ ਕੀਤੀ। ਭਾਰਤ ਦੀ ਇਸ ਜਿੱਤ ਜਿਥੇ ਸਾਰੇ ਬੱਲੇਬਾਜ਼ਾਂ ਨੇ ਆਪਣਾ ਯੋਗਦਾਨ ਪਾਇਆ ਉਥੇ ਟਰਬੋਨੇਟਰ ਹਰਭਜਨ ਸਿੰਘ ਨੇ ਵੀ ਆਪਣੀ ਗੇਂਦਬਾਜ਼ੀ ਦਾ ਜਾਦੂ ਦਿਖਾਇਆ। ਹਰਭਜਨ ਸਿੰਘ ਨੇ 48.3 ਓਵਰਾਂ ਵਿਚ 23 ਮੇਡਨ ਰੱਖਦੇ ਹੋਏ 59 ਦੌੜਾਂ ਦੇ ਕੇ 5 ਖਿਡਾਰੀਆਂ ਨੂੰ ਆਊਟ ਕੀਤਾ। ਇਸ ਤੋਂ ਇਲਾਵਾ ਅਮਿਤ ਮਿਸ਼ਰਾ ਨੇ 78 ਦੌੜਾਂ ਦੇ ਕੇ ਤਿੰਨ ਵਿਕਟਾਂ ☛(ਬਾਕੀ ਸਫਾ 2 'ਤੇ)

ਇੰਤਕਾਲਾਂ ਦੀ ਫ਼ੀਸ ਮੁਆਫ਼ੀ ਵਾਲੀਆਂ ਰਜਿਸਟਰੀਆ ਰੱਦ ਕਰਨ ਦੇ ਹੁਕਮ

ਚੰਡੀਗੜ੍ਹ, 18 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਵਿੱਚ ਜ਼ਮੀਨਾਂ ਦੀ ਵਰਤੋਂ ਦੇ ਬਦਲਾਅ ਅਤੇ ਇੰਤਕਾਲ ਦੇ ਸਮੇਂ ਫੀਸ ਨਾ ਲੈਣ ਦੇ ਸਬੰਧ ਵਿੱਚ ਦਾਇਰ ਰਿੱਟ ਪਟੀਸ਼ਨ ਉੱਤੇ ਸਰਕਾਰ ਨੂੰ ਨੋਟਿਸ ਜਾਰੀ ਕੀਤਾ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਾਣਯੋਗ ਚੀਫ ਜਸਟਿਸ ਮੁਕੁਲ ਮੋਦਗਿਲ ਤੇ ਅਧਾਰਿਤ ਬੈਂਚ ਦੇ ਅੱਗੇ ਅੱਜ ਰਿੱਟ ਪਟੀਸ਼ਨ ਦੀ ਸੁਣਵਾਈ ਸ਼ੁਰੂ ਹੋਈ। ਜਿਲ੍ਹਾ ਬਰਨਾਲਾ ਦੇ ਤਪਾ ਮੰਡੀ ਵਾਸੀ ਪ੍ਰਵੀਨ ਕੁਮਾਰ ਨੇ ਪੰਜਾਬ ਸਰਕਾਰ, ਵਿੱਤ ਕਮਿਸ਼ਨਰ ਮਾਲ ਅਤੇ ਡਾਇਰੈਕਟਰ ਲੈਂਡ ਰਿਕਾਰਡ ਦੇ ਵਿਰੁੱਧ ਦਾਇਰ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਮੰਗ ਕੀਤੀ ਹੈ ਕਿ ਪੰਜਾਬ ਵਿੱਚ ਜਿੰਨੀਆਂ ਵੀ ਜਮੀਨਾਂ ਦੇ ਤਬਾਦਲੇ ਅਤੇ ਇੰਤਕਾਲ ਹੋਏ ਹਨ ਰੱਦ ਕੀਤੇ ਜਾਣ।

ਨਸ਼ਿਆਂ ਦੀ ਰੋਕਥਾਮ ਲਈ ਨੌਜਵਾਨ ਖ਼ੁਦ ਅੱਗੇ ਆਉਣ-ਭਗਵੰਤ ਮਾਨ

ਚੀਮਾ ਮੰਡੀ, 18 ਫਰਵਰੀ (ਮਹਿੰਦਰ ਪਾਲ)-ਕਮੇਡੀ ਕਿੰਗ ਭਗਵੰਤ ਮਾਨ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਬੁਰੀ ਤਰ੍ਹਾਂ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਜਕੜਦੀ ਜਾ ਰਹੀ ਹੈ ਤੇ ਇਸ ਨਾਲ ਹੋਣ ਵਾਲੀ ਬਰਬਾਦੀ ਪ੍ਰਤੀ ਨੌਜਵਾਨ ਵਰਗ ਨੂੰ ਸੁਚੇਤ ਕਰਨਾ ਸਮੇਂ ਦੀ ਅਹਿਮ ਲੋੜ ਹੈ ਤੇ ਕਲਾਕਾਰ ਇਸ ਨੂੰ ਰੋਕਣ ਲਈ ਵਿਸ਼ੇਸ਼ ਰੋਲ ਅਦਾ ਕਰ ਸਕਦੇ ਹਨ। ਇਹ ਵਿਚਾਰ ਉਨ੍ਹਾਂ ਕਸਬੇ ਵਿਖੇ ਆਪਣੇ ਦੋਸਤ ਰਵਿੰਦਰ ਬਾਂਸਲ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਵੱਖ-ਵੱਖ ਤਰ੍ਹਾਂ ਦੇ ਖਤਰਨਾਕ ਨਸ਼ਿਆਂ ਨਾਲ ਪੰਜਾਬ ਦਾ ☛(ਬਾਕੀ ਸਫਾ 2 'ਤੇ)

ਮਾਰਕੀਟ ਕਮੇਟੀ ਭਦੌੜ ਦੇ ਚੇਅਰਮੈਨ ਭੋਲਾ ਸਿੰਘ ਵਿਰਕ ਦੀ ਅੱਜ ਤਾਜ਼ਪੋਸ਼ੀ 'ਤੇ ਲੱਖ-ਲੱਖ ਵਧਾਈ

ਸ. ਭੋਲਾ ਸਿੰਘ ਵਿਰਕ
ਚੇਅਰਮੈਨ

ਅਸੀਂ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪਾਰਟੀ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਢੀਂਡਸਾ ਅਤੇ ਸਮੂਹ ਲੀਡਰਸ਼ਿਪ ਦਾ ਤਹਿਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸ. ਭੋਲਾ ਸਿੰਘ ਵਿਰਕ ਦੀਆਂ ਪਾਰਟੀ ਪ੍ਰਤੀ ਗਤੀਵਿਧੀਆਂ ਨੂੰ ਦੇਖਦਿਆਂ ਅੱਜ ਮਾਰਕੀਟ ਕਮੇਟੀ ਦੇ ਚੇਅਰਮੈਨ ਦਾ ਅਹੁੱਦਾ ਦੇ ਕੇ ਨਿਵਾਜ਼ਿਆ ਹੈ।

ਜਾਰੀਕਰਤਾ : ਸਮੂਹ ਨੰਬਰਦਾਰ
ਪਰਿਵਾਰ ਘੜੈਲਾ

ਸ. ਬਲਜੀਤ ਸਿੰਘ
ਨੰਬਰਦਾਰ

ਸ. ਸੁਰਜੀਤ ਸਿੰਘ
ਨੰਬਰਦਾਰ

ਸ. ਹਰਦਿਆਲ ਸਿੰਘ
ਨੰਬਰਦਾਰ

ਸ. ਗੋਪਾਲ ਸਿੰਘ
ਨੰਬਰਦਾਰ

ਸ. ਪਾਲ ਸਿੰਘ
ਨੰਬਰਦਾਰ

ਸ. ਸੋਨੀ
ਨੰਬਰਦਾਰ

ਰੁਜ਼ਗਾਰ ਲਈ ਜਾਓ, ਕਾਨੂੰਨੀ ਤੌਰ 'ਤੇ ਜਾਓ, ਖੁਸ਼ ਰਹੋ।

ਸਿਰਫ਼ ਏਜੰਟਾਂ ਦੀਆਂ ਗੱਲਾਂ 'ਤੇ ਹੀ ਵਿਸਵਾਸ਼ ਨਾ ਕਰੋ
ਇਹ ਵੀ ਚੈੱਕ ਕਰੋ ਕਿ :

- ਭਰਤੀ ਏਜੰਟ ਪ੍ਰੋਟੈਕਟਰ ਜਨਰਲ ਆਫ਼ ਇਮੀਗਰੰਟਸ (ਪੀ. ਜੀ. ਈ.) ਨਾਲ ਰਜਿਸਟਰਡ ਹੈ ਅਤੇ ਯੋਗ ਰਜਿਸਟਰੇਸ਼ਨ ਸਰਟੀਫਿਕੇਟ ਦਾ ਧਾਰਨੀ ਹੈ।
- ਤੁਹਾਡੇ ਕੋਲ ਯੋਗ 'ਕੰਮ' ਦਾ ਵੀਜ਼ਾ ਹੈ ਅਤੇ ਇਹ 'ਯਾਤਰਾ' ਵੀਜ਼ਾ ਨਹੀਂ ਹੈ।

ਜੇ ਤੁਹਾਡੇ ਕੋਲ ਈਸੀਆਰ ਪਾਸਪੋਰਟ ਹੈ ਅਤੇ ਕਿਸੇ ਈਸੀਆਰ ਦੇਸ਼ ਵਿੱਚ ਜਾ ਰਹੇ ਹੋ ਤਾਂ*, ਇਹ ਵੀ ਚੈੱਕ ਕਰੋ ਕਿ :

- ਤੁਹਾਡੇ ਵਰਕ ਕੰਟਰੈਕਟ ਨੂੰ ਜਿਸ ਦੇਸ਼ ਲਈ ਜਾਣ ਦੇ ਤੁਸੀਂ ਚਾਹਵਾਨ ਹੋ ਉੱਥੇ ਦੇ ਭਾਰਤੀ ਮਿਸ਼ਨ ਵੱਲੋਂ ਤਸਦੀਕ ਕੀਤਾ ਗਿਆ ਹੈ। (ਜੇ ਅਸੱਖਿਅਤ ਕੰਮ ਲਈ ਜਾ ਰਹੇ ਹੋ)
- ਤੁਹਾਨੂੰ ਪ੍ਰੋਟੈਕਟਰ ਆਫ਼ ਇਮੀਗਰੰਟਸ ਦੇ ਦਫ਼ਤਰੋਂ ਇਮੀਗ੍ਰੇਸ਼ਨ ਕਲੀਅਰਸ ਪ੍ਰਾਪਤ ਹੈ।

ਹੋਰ ਸਹਾਇਤਾ ਲਈ ਸੰਪਰਕ ਕਰੋ :
ਓਵਰਸੀਜ਼ ਵਰਕਰਜ਼ ਰਿਸੋਰਸ ਸੈਂਟਰ
ਟੋਲ ਫਰੀ ਨੰ. (ਬੀਐਸਐਨਐਲ/ਐਮਟੀਐਨਐਲ ਲੈਂਡ ਲਾਈਨ ਤੋਂ) : 1800-11-3090
ਸੰਸਾਰ ਵਿੱਚ ਕਿਸੇ ਵੀ ਥਾਂ ਤੋਂ ਮੋਬਾਈਲ ਤੇ ਲੈਂਡ ਲਾਈਨ ਤੋਂ
ਪਹੁੰਚਯੋਗ ਨੰਬਰ +91-11-40503090

*ਈਐਸਆਰ ਦੇਸ਼ਾਂ ਦੀ ਲਿਸਟ : ਅਫਗਾਨਿਸਤਾਨ, ਬਹਿਰੀਨ, ਇੰਡੋਨੇਸ਼ੀਆ, ਜੋਰਡਨ, ਕੁਵੈਤ, ਲਿਵਨਾਨ, ਲਿਬੀਆ, ਮਲੇਸ਼ੀਆ, ਕਤਰ, ਓਮਾਨ, ਸਾਊਦੀ ਆਰਬ, ਸੂਡਾਨ, ਸੀਰੀਆ, ਥਾਈਲੈਂਡ, ਯੂ. ਏ.ਈ., ਯਮਨ।

ਵਿਦੇਸ਼ ਜਾਣ ਤੋਂ ਪਹਿਲਾਂ ਆਪਣੇ ਸਾਰੇ ਵਿਦੇਸ਼ ਜਾਣ ਦੇ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਦਾ ਇੱਕ ਸੈੱਟ ਆਪਣੇ ਘਰ ਜ਼ਰੂਰ ਛੱਡ ਕੇ ਜਾਓ।

ਵਿਦੇਸ਼ੀ ਭਾਰਤੀ ਮਾਮਲੇ ਮੰਤਰਾਲਾ (ਐਮ. ਓ. ਆਈ. ਏ), ਭਾਰਤ ਸਰਕਾਰ
ਵੈੱਬਸਾਈਟ : www.moia.gov.in Email : info@moia.nic.in